21.7.14

24-7-14

**PSCSCC MAIN EXAMINATION, 2013**

**ਪੰਜਾਬੀ (ਲਾਜ਼ਮੀ)**

ਸਮਾਂ: 3 ਘੰਟੇ

ਕੁਲ ਅੰਕ: 100

**ਹਦਾਇਤਾਂ**

(ੳ) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।
(ਅ) ਹਰੇਕ ਪ੍ਰਸ਼ਨ ਦੇ ਅੰਕ ਉਸ ਦੇ ਅੰਤ ਵਿੱਚ ਦਰਸਾਏ ਗਏ ਹਨ।
(ੲ) ਪ੍ਰਸ਼ਨ ਪੱਤਰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ, ਭਾਗ ੳ ਅਤੇ ਭਾਗ ਅ

ਜ਼ਰੂਰੀ ਨੋਟ: ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਇਸ ਦੇ ਸਾਰੇ ਭਾਗ/ਉਪ-ਭਾਗ ਨਾਲ-ਨਾਲ ਹੱਲ ਕੀਤੇ ਜਾਣ। ਇਸ ਦਾ ਭਾਵ ਇਹ ਕਿ ਅਗਲੇ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਪ੍ਰੀਖਿਆਰਥੀ ਵੱਲੋਂ ਪਹਿਲੇ ਪ੍ਰਸ਼ਨ ਦੇ ਭਾਗ/ਉਪ-ਭਾਗ ਲਾਜ਼ਮੀ ਤੌਰ ਤੇ ਸਮਾਪਤ ਕਰ ਲਏ ਜਾਣ।

ਪ੍ਰਸ਼ਨ ਕਾਪੀ ਵਿੱਚ ਖ਼ਾਲੀ ਛੱਡੇ ਹੋਏ ਪੰਨਿਆਂ ਉਤੇ ਕਾਟਾ ਮਾਰਿਆ ਜਾਵੇ। ਖ਼ਾਲੀ ਛੱਡੇ ਹੋਏ ਪੰਨਿਆਂ ਤੋਂ ਬਾਅਦ ਵਾਲੇ ਉੱਤਰਾਂ ਨੂੰ ਮਾਨਤਾ ਨਹੀਂ ਦਿੱਤੀ ਜਾਵੇਗੀ।

*******

ਪ੍ਰਸ਼ਨ 1 ਨਿਮਨ-ਲਿਖਤ ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

ਅਚੇਤਨ ਦਾ ਸੰਕਲਪ ਕੋਈ ਨਵੀਂ ਕਾਢ ਨਹੀਂ। ਜੋ ਮਾਨਸਿਕ ਸਾਮਗ੍ਰੀ ਚੇਤਨ ਦੇ ਤਤਕਾਲੀ ਖੇਤਰ ਵਿੱਚ ਮੌਜੂਦ ਨਹੀਂ ਦਿਸਦੀ, ਅਚੇਤਨ ਪੱਧਰ 'ਤੇ ਹੀ ਮੌਜੂਦ ਸਮਝੀ ਜਾ ਸਕਦੀ ਹੈ। ਮਨੋਵਿਗਿਆਨੀਆਂ ਨੇ 'ਅਚੇਤਨ' ਪਦ ਨੂੰ ਵਿਸ਼ੇਸ਼ ਪਰਿਭਾਸ਼ਕ ਅਰਥ ਦਿੱਤੇ ਹਨ ਜਿਨ੍ਹਾਂ ਮੁਤਾਬਕ ਇਹ ਮਨ ਦਾ ਉਹ ਪੱਧਰ ਹੈ ਜਿਥੇ ਸਮਾਜਕ ਤੌਰ 'ਤੇ ਵਿਵਰਜਿਤ ਸਾਡੀਆਂ ਇੱਛਾਵਾਂ, ਦੁਖਦਾਈ ਪ੍ਰਤੀਤ ਹੁੰਦੀਆਂ ਸਿਮਰਿਤੀਆਂ ਜਾਂ ਵਾਤਾਵਰਣ ਵਲੋਂ ਬੇਮੁਖ ਵਿਚਾਰ ਨੂੜੇ ਰਹਿੰਦੇ ਹਨ। ਇਹ ਅਚੇਤਨ ਕੋਈ ਜੜ੍ਹ ਵਸਤੂ ਨਹੀਂ, ਸਗੋਂ ਜੀਵੰਤ ਤੇ ਗਤੀਸ਼ੀਲ ਗੁਣਾਂ ਦਾ ਧਾਰਨੀ ਹੈ। ਨੀਂਦਰ ਦੇ ਅੰਧਕਾਰ ਵਿੱਚ ਜਦੋਂ ਚੇਤਨ ਦੀ ਚੌਕਸੀ ਘੱਟ ਜਾਂਦੀ ਹੈ ਤਾਂ ਇਹ ਦਮਿਤ ਇੱਛਾਵਾਂ ਸਾਡੇ ਸੁਪਨਿਆਂ ਅੰਦਰ ਆ ਸਾਕਾਰ ਹੁੰਦੀਆਂ ਹਨ। ਚੇਤਨ ਵਿਚ ਹਰ ਵਸਤੂ ਸਲੀਕੇ ਨਾਲ ਪਈ ਮਿਲਦੀ ਹੈ। ਅਚੇਤਨ ਵਿੱਚ ਐਸਾ ਕੋਈ ਸੁਘੜ ਸਲੀਕਾ ਨਹੀਂ ਵਰਤਦਾ। ਇਥੇ ਹਰੇਕ ਗੱਲ ਅਜੀਬ ਤਰਕਹੀਣਤਾ ਨਾਲ ਵਾਪਰਦੀ ਹੈ। ਇਥੇ ਅਰਾਜਕਤਾ ਦੀ ਪ੍ਰਧਾਨਤਾ ਹੁੰਦੀ ਹੈ। ਇਸ ਖੇਤਰ ਵਿਚ ਸੰਘਰਸ਼ ਹੀ ਸੰਘਰਸ਼ ਅਤੇ ਉਤੇਜਨਾ ਹੀ ਉਤੇਜਨਾ ਵਰਤਦੀ ਹੈ। ਇਥੇ ਮੂਲ ਪ੍ਰਵਿਰਤੀਆਂ ਦਾ ਆਪੋ ਵਿੱਚ ਸੰਘਰਸ਼ ਹੁੰਦਾ ਹੈ। ਜਿਵੇਂ, ਇਕ ਪ੍ਰੇਰਣਾ ਮੈਨੂੰ ਆਪਣਾ ਹੱਕ ਜਤਲਾਉਣ ਲਈ ਉਕਸਾਂਦੀ ਹੋਵੇ ਤੇ ਦੂਜੀ ਆਪਾ ਤਿਆਗਣ ਲਈ ਪ੍ਰੇਰਿਤ ਕਰਦੀ ਹੋਵੇ। ਇਉਂ ਜਾਪਦਾ ਹੈ ਸਾਡੇ ਅਚੇਤਨ ਵਿਚ ਵਿਰੋਧੀ ਤੇ ਅਸੰਗਤ ਰੁਚੀਆਂ ਆਪੋ ਵਿਚ ਖਹਿਬੜਦੀਆਂ ਰਹਿੰਦੀਆਂ ਹਨ। ਦਰਅਸਲ ਅਚੇਤਨ ਦਾ ਖੇਤਰ ਇਕ ਅੰਨ੍ਹੀ ਸ਼ਕਤੀ ਦਾ ਅਸੀਮ ਭੰਡਾਰ ਹੈ।

(ੳ) ਅਚੇਤਨ ਤੋਂ ਕੀ ਭਾਵ ਹੈ?
(ਅ) ਅਚੇਤਨ ਇਕ ਗਤੀਸ਼ੀਲ ਵਰਤਾਰਾ ਕਿਵੇਂ ਹੈ?
(ੲ) ਚੇਤਨ ਤੇ ਅਚੇਤਨ ਵਿਚਲਾ ਅੰਤਰ ਸਪੱਸ਼ਟ ਕਰੋ।
(ਸ) ਅਚੇਤਨ ਵਿਚ ਸੰਘਰਸ਼ ਦੇ ਕੀ ਕਾਰਨ ਹਨ?
(ਹ) ਇਸ ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਓ। (ਅੰਕ 10)

ਪ੍ਰਸ਼ਨ 2 ਹੇਠ ਲਿਖੇ ਪੈਰ੍ਹੇ ਦੀ ਇਕ-ਤਿਹਾਈ ਸ਼ਬਦਾਂ ਵਿਚ ਸੰਖੇਪ-ਰਚਨਾ ਕਰਕੇ ਢੁਕਵਾਂ ਸਿਰਲੇਖ ਵੀ ਦਿਓ:

ਮਾਂ-ਬੋਲੀ ਜਾਂ ਮਾਤ-ਭਾਸ਼ਾ ਉਹ ਹੈ ਜੋ ਮਨੁੱਖ ਨੂੰ ਵਿਰਸੇ ਵਿੱਚ ਆਪਣੀ ਮਾਂ ਪਾਸੋਂ ਪ੍ਰਾਪਤ ਹੁੰਦੀ ਹੈ। ਇਹ ਮਾਂ ਦੀਆਂ ਲੋਰੀਆਂ ਵਿੱਚ, ਬੱਚੇ ਨਾਲ ਕੀਤੀਆਂ ਤੋਤਲੀਆਂ ਗੱਲਾਂ ਵਿੱਚ, ਮਿੱਠੀਆਂ ਝਿੜਕਾਂ ਵਿੱਚ ਤੇ ਮਾਂ ਦੇ ਗੀਤਾਂ ਦੀ ਰੁਣਝੁਣ ਵਿਚ ਹੁੰਦੀ ਹੈ ਜਿਸ ਦੀ ਓਟ ਵਿਚ ਬੱਚਾ ਹੱਸਦਾ, ਖੇਡਦਾ ਤੇ ਵਿਗਸਦਾ ਹੈ। ਮਾਂ-ਬੋਲੀ ਸਾਡੇ ਦਿਲ, ਦਿਮਾਗ ਅਤੇ ਜਿਸਮ ਦਾ ਉਹ ਅਟੁੱਟ ਅੰਗ ਹੈ ਜਿਸ ਨੂੰ ਕਦੇ ਵੀ ਆਪਣੇ ਨਾਲੋਂ ਅਲੱਗ ਨਹੀਂ ਕੀਤਾ ਜਾ ਸਕਦਾ। ਮਾਂ-ਬੋਲੀ ਨੂੰ ਬੋਲਣ ਵਿਚ ਸਹਿਜ-ਸੁਭਾਵਕਤਾ ਹੁੰਦੀ ਹੈ ਅਤੇ ਇਹ ਬਿਨਾਂ ਕਿਸੇ ਉਚੇਚੇ ਜਤਨ ਦੇ ਸਾਡੇ ਅੰਗ-ਸੰਗ ਰਹਿੰਦੀ ਹੈ। ਆਪਣੇ ਵਿਚਾਰਾਂ ਦਾ ਖੁਲ੍ਹਾ ਪ੍ਰਗਟਾਵਾ ਕੇਵਲ ਅਸੀਂ ਆਪਣੀ ਮਾਂ-ਬੋਲੀ ਵਿਚ ਹੀ ਕਰ ਸਕਦੇ ਹਾਂ। ਮਾਂ-ਬੋਲੀ ਰਾਹੀਂ ਹੀ ਅਸੀਂ ਆਪਣੇ ਰਿਸ਼ਤਿਆਂ ਦੀ ਡੋਰ ਵਿਚ ਬੱਝੇ ਚਲੇ ਜਾਂਦੇ ਹਾਂ। ਸੰਸਾਰ ਭਰ ਦੀਆਂ ਪੂਜਨੀਕ ਹਸਤੀਆਂ ਨੇ ਕੇਵਲ ਮਾਂ-ਬੋਲੀ ਰਾਹੀਂ ਹੀ ਆਪਣੇ ਵਿਚਾਰਾਂ ਤੇ ਸਿਧਾਂਤਾਂ ਦਾ ਪ੍ਰਚਾਰ ਕੀਤਾ। ਗੁਰੂ ਨਾਨਕ ਨੇ ਮਾਂ ਬੋਲੀ ਵਿਚ ਹੀ ਮਨੁੱਖਤਾ ਦਾ ਦਰਦ ਪੇਸ਼ ਕੀਤਾ। ਬੰਗਲਾ ਭਾਸ਼ਾ ਦੇ ਮਹਾਨ ਕਵੀ ਰਾਵਿੰਦਰ ਨਾਥ ਟੈਗੋਰ ਨੂੰ ਵੀ ਮਾਤ-ਭਾਸ਼ਾ ਵਿਚ ਲਿਖੀ ਕਾਵਿ-ਰਚਨਾ ਗੀਤਾਂਜਲੀ ਕਰਕੇ ਨੋਬਲ ਪੁਰਸਕਾਰ ਮਿਲਿਆ। ਮਾਂ-ਬੋਲੀ ਕਿਸੇ ਧਰਮ, ਫਿਰਕੇ ਜਾਂ ਸੰਪਰਦਾ ਨਾਲ ਸਬੰਧਿਤ ਨਹੀਂ ਹੁੰਦੀ। ਇਹ ਤਾਂ ਇਕੋ ਇਲਾਕੇ ਵਿੱਚ ਵਸਦੇ ਰਸਦੇ ਲੋਕਾਂ ਦੀ ਸਾਂਝੀ ਵਿਰਾਸਤ ਹੁੰਦੀ ਹੈ। (ਅੰਕ 10)

ਪ੍ਰਸ਼ਨ 3 ਹੇਠ ਲਿਖੇ ਪੱਤਰਾਂ ਵਿਚੋਂ ਕੋਈ ਇਕ ਪੱਤਰ ਲਿਖੋ:

(ੳ) ਤੁਹਾਡੀ ਨਿੱਕੀ ਭੈਣ ਦਾ ਵਿਆਹ ਕਾਹਲੀ ਵਿਚ ਬਿਨਾਂ ਜਾਂਚ-ਪਰਖ ਦੇ ਕਿਸੇ ਪਰਵਾਸੀ ਲੜਕੇ ਨਾਲ ਕੀਤਾ ਜਾ ਰਿਹਾ ਹੈ। ਪਿਤਾ ਜੀ ਨੂੰ ਪੱਤਰ ਲਿਖ ਕੇ ਅਜਿਹਾ ਕਰਨ ਤੋਂ ਰੋਕੋ।

(ਅ) ਸੱਭਿਆਚਾਰਕ ਮੰਤਰਾਲੇ ਨੂੰ ਪੰਜਾਬੀ ਗਾਇਕੀ ਵਿਚ ਵਧ ਰਹੀ ਲੱਚਰਤਾ ਨੂੰ ਨੱਥ ਪਾਉਣ ਲਈ ਸੁਝਾਵਾਂ ਭਰਪੂਰ ਪੱਤਰ ਲਿਖੋ। (ਅੰਕ 10)

ਪ੍ਰਸ਼ਨ 4 ਹੇਠਾਂ ਦਰਜ ਵਿਸ਼ਿਆਂ ਵਿਚੋਂ ਕਿਸੇ ਇੱਕ ਵਿਸ਼ੇ ਤੇ (ਲਗਭਗ 400 ਸ਼ਬਦਾਂ ਦਾ) ਲੇਖ ਲਿਖੋ।

(ੳ) ਪੰਜਾਬੀ ਕਿਸਾਨੀ ਦੀ ਅਜੋਕੀ ਸਥਿਤੀ
(ਅ) ਮੋਬਾਇਲ ਫੋਨ: ਫਾਇਦੇ ਤੇ ਦੁਰਵਰਤੋਂ
(ੲ) ਸਾਹਿਤ ਦੀ ਭੂਮਿਕਾ
(ਸ) ਮਿਠਤੁ ਨੀਵੀਂ ਨਾਨਕਾ (ਅੰਕ 10)

ਜ਼ਾਰੀ ਪੰਨਾ........2

ਪ੍ਰਸ਼ਨ 5 (i) ਨਿਮਨ ਲਿਖਿਤ ਦਾ ਪੰਜਾਬੀ ਅਨੁਵਾਦ ਕਰੋ:

Liberalization of the law to provide equal rights for women is the slowest in countries where traditional religions and social practices have enforced a strictly subordinated status for women. Even countries with "sex equality" provisions in their constitutions allow customary practices which limits women's rights. This is one of the finding highlighted in a timely and compact fact-sheet **Women: A World Survey** (1985) compiled by Ruth Lager Sivard, Director of world priorities, a Washington based research organization. (ਅੰਕ 5)

(ii) ਨਿਮਨ-ਲਿਖਤ ਦਾ ਅੰਗਰੇਜੀ ਵਿੱਚ ਅਨੁਵਾਦ ਕਰੋ:
(ੳ) ਬੂੰਦਾ-ਬਾਂਦੀ ਹੋ ਰਹੀ ਹੈ।
(ਅ) ਕਿਤਾਬੀ ਗਿਆਨ ਕੁਝ ਹੱਦ ਤਕ ਲਾਭਕਾਰੀ ਹੈ।
(ੲ) ਉਪਰੋਕਤ ਬਿਆਨ ਮੇਰੇ ਪੂਰਨ ਗਿਆਨ ਤੇ ਵਿਸ਼ਵਾਸ ਅਨੁਸਾਰ ਸੱਚੇ ਤੇ ਸਹੀ ਹਨ।
(ਸ) ਉਹ ਇਕ ਬਹੁਤ ਸੱਖਣਾ ਹਾਸਾ ਹੱਸਿਆ ਪਰ ਫੇਰ ਥੋੜ੍ਹਾ ਉਦਾਸ ਹੋ ਗਿਆ।
(ਹ) ਆਓ, ਆਪਣੀ ਹੋਂਦ ਨੂੰ ਜਗ ਲਈ ਇਕ ਵਰਦਾਨ ਬਣਾਈਏ। (ਅੰਕ 5)

## ਭਾਗ-ਅ

ਪ੍ਰਸ਼ਨ 6 (I) ਨਿਮਨ ਲਿਖਿਤ ਅਖਾਣਾਂ ਨੂੰ ਵਾਕਾਂ ਵਿਚ ਵਰਤੋਂ:
(ੳ) ਧੋਬੀ ਦਾ ਕੁੱਤਾ, ਨਾ ਘਰ ਨਾ ਘਾਟ ਦਾ (ਅ) ਮਾਂ ਪਿਓ ਦੀਆਂ ਗਾਲ੍ਹਾਂ, ਦੁੱਧ ਘਿਓ ਦੀਆਂ ਨਾਲਾਂ
(ੲ) ਸੱਪ ਨੂੰ ਸੱਪ ਲੜੇ, ਵਿਸ ਕਿਸ ਨੂੰ ਚੜੇ (ਸ) ਇਕ ਅਨਾਰ ਸੌ ਬੀਮਾਰ
(ਹ) ਕੁੱਛੜ ਕੁੜੀ ਸ਼ਹਿਰ ਢੰਡੋਰਾ (ਅੰਕ 5)

(II) ਨਿਮਨ ਲਿਖਿਤ ਮੁਹਾਵਰਿਆਂ ਨੂੰ ਵਾਕਾਂ ਵਿਚ ਵਰਤੋਂ:
(ੳ) ਅੱਡੀ ਨਾ ਲੱਗਣਾ (ਅ) ਰੰਗ ਵਿਚ ਭੰਗ ਪਾਉਣਾ
(ੲ) ਦਾਲ ਨਾ ਗਲਣੀ (ਸ) ਪਿੱਠ ਪੂਰਨੀ (ਹ) ਸਿਰ ਪੈਰ ਨਾ ਹੋਣਾ (ਅੰਕ 5)

ਪ੍ਰਸ਼ਨ 7 ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:
ਵਿਯਾਹ, ਅੰਮਰਿਤ, ਕੋਮ, ਅਕੱਠ, ਸਾਂਜਾ (ਅੰਕ 5)

ਪ੍ਰਸ਼ਨ 8 ਹੇਠ ਲਿਖੇ ਵਾਕਾਂ ਨੂੰ ਦਿੱਤੀਆਂ ਹਿਦਾਇਤਾਂ ਅਨੁਸਾਰ ਬਦਲੋ (ਵਾਕ ਵਟਾਂਦਰਾ)

(ੳ) ਬੜੀ ਖੁਸ਼ੀ ਦੀ ਗੱਲ ਹੈ ਕਿ ਤੁਸੀਂ ਮੈਚ ਜਿੱਤ ਲਿਆ। (ਸਾਧਾਰਨ ਵਾਕ ਤੋਂ ਵਿਸਮਿਕ ਵਾਕ ਬਣਾਓ)
(ਅ) ਬੱਚਾ ਮਾਂ ਨਾਲ ਜਾ ਰਿਹਾ ਹੈ। (ਵਚਨ ਬਦਲੋ)
(ੲ) ਰਾਮ ਨੇ ਦੁੱਧ ਤੇ ਸ਼ਾਮ ਨੇ ਚਾਹ ਪੀਤੀ। (ਸਾਧਾਰਨ ਵਾਕ ਤੋਂ ਸੰਯੁਕਤ ਵਾਕ ਬਣਾਓ)
(ਸ) ਸੱਜੇ ਪਾਸੇ ਨਾ ਚੱਲੋ। (ਨਾਂਹ ਵਾਚਕ ਤੋਂ ਹਾਂ ਵਾਚਕ ਬਣਾਓ)
(ਹ) ਤੁਸੀਂ ਮਿਹਨਤ ਬਗੈਰ ਪਾਸ ਨਹੀਂ ਹੋ ਸਕਦੇ। (ਸਾਧਾਰਨ ਵਾਕ ਤੋਂ ਪ੍ਰਸ਼ਨ ਵਾਚਕ ਵਾਕ ਬਣਾਓ) (ਅੰਕ 5)

ਪ੍ਰਸ਼ਨ 9 ਵਾਚ ਬਦਲੋ (ਕਰਤਰੀ ਵਾਚ ਤੋਂ ਕਰਮਣੀ ਵਾਚ/ਕਰਮਣੀ ਵਾਚ ਤੋਂ ਕਰਤਰੀ ਵਾਚ) :
(ੳ) ਉਸ ਨੇ ਗੁਲਾਬ ਦਾ ਫੁੱਲ ਤੋੜਿਆ। (ਅ) ਉਸ ਨੇ ਨਾਸ਼ਤਾ ਕੀਤਾ।
(ੲ) ਨੌਕਰ ਮੰਜੇ ਡਾਹ ਰਿਹਾ ਹੋਵੇਗਾ। (ਸ) ਬੱਚੇ ਸ਼ੋਰ ਮਚਾ ਰਹੇ ਹਨ।
(ਹ) ਦਰਜੀ ਨੇ ਪੈਂਟ ਸੀ ਲਈ ਹੈ। (ਅੰਕ 5)

ਪ੍ਰਸ਼ਨ 10 ਵਿਸ਼ਰਾਮ ਚਿੰਨ ਲਗਾਓ :
ਕੋਈ ਨਹੀਂ ਬਾਬਾ ਅਸੀਂ ਤੇਰੇ ਮੂਹਰੇ ਬੈਠੇ ਐਂ ਐਥੇ ਭੁੰਜੇ ਘੱਦੂ ਨੇ ਜਵਾਬ ਦਿੱਤਾ ਓ ਕਮਲਿਓ ਭੁੰਜੇ ਕਾਹਨੂੰ ਬਹਿ ਗਏ ਪਰ ਚਲੋ ਥੋਡੀ ਮਰਜ਼ੀ ਬੜੀ ਮਿੱਠੀ ਅਵਾਜ਼ ਵਿੱਚ ਪੀਰੂ ਨੇ ਕਿਹਾ ਤੇ ਫੇਰ ਸਾਨੂੰ ਪੁੱਛਿਆ ਅੱਜ ਤੁਸੀਂ ਬੀਬਿਓ ਕਿਵੇਂ ਆ ਗਏ ਏਧਰ। (ਅੰਕ 5)

ਪ੍ਰਸ਼ਨ 11 ਹੇਠ ਲਿਖੇ ਅਗੇਤਰ ਲਾ ਕੇ ਸ਼ਬਦ ਬਣਾਓ :
ਕਮ, ਸਵੈ, ਦੁਰ, ਬਦ, ਅਪ (ਅੰਕ 5)

ਪ੍ਰਸ਼ਨ 12 ਹੇਠ ਲਿਖੇ ਪਿਛੇਤਰ ਲਾ ਕੇ ਸ਼ਬਦ ਬਣਾਓ:
ਹੀਣ, ਦਾਨੀ, ਬਾਜ਼, ਮਈ, ਦਾਰ (ਅੰਕ 5)

ਪ੍ਰਸ਼ਨ 13 ਹੇਠ ਲਿਖੇ ਸ਼ਬਦਾਂ ਨੂੰ ਦੋ ਦੋ ਵਾਕਾਂ ਵਿਚ ਇਸ ਤਰ੍ਹਾਂ ਵਰਤੋ ਕਿ ਬਹੁ-ਅਰਥਕ ਸ਼ਬਦਾਂ ਦੇ ਅਰਥ ਸਪੱਸ਼ਟ ਹੋ ਜਾਣ:
ਉੱਤਰ, ਦੌਰਾ, ਬੋਲੀ, ਘੜੀ, ਪੱਟ (ਅੰਕ 10)

*******